# ਸਿਟੀ ਆਫ ਬ੍ਰੈਂਪਟਨ, ਕਮਿਉਨਿਟੀ ਦੀ ਸਿਹਤ ਕਾਇਮ ਰੱਖਣ ਲਈ ਸ਼ੋਰ ਬਾਇ-ਲਾਅ ਵਿੱਚ ਸੁਧਾਰ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ (4 ਅਕਤੂਬਰ, 2023) – ਬ੍ਰੈਂਪਟਨ ਨੂੰ ਇੱਕ ਸਿਹਤਮੰਦ ਅਤੇ ਸੁਰੱਖਿਅਤ ਕਮਿਉਨਿਟੀ ਕਾਇਮ ਰੱਖਣਾ ਯਕੀਨੀ ਬਣਾਉਣ ਦੀ ਆਪਣੀ ਵਚਨਬੱਧਤਾ ਦੇ ਅਧਾਰ ਤੇ, ਪਬਲਿਕ ਨਿਊਸੰਸ ਬਾਇ-ਲਾਅ 136-2018 (Public Nuisance By-law 136-2018) ਵਿੱਚ ਸੋਧ ਕੀਤਾ ਗਿਆ ਹੈ, ਤਾਂ ਜੋ ਬਹੁਤ ਜ਼ਿਆਦਾ ਸ਼ੋਰ, ਐਮਿਸ਼ਨਸ ਅਤੇ ਐਮਿਸ਼ਨਸ ਕੰਟ੍ਰੋਲ ਸਿਸਟਮ ਮੋਡੀਫਿਕੇਸ਼ਨਸ ਅਤੇ ਟੈਸਟਿੰਗ ਤੇ ਪਾਬੰਦੀ ਲਗਾਈ ਜਾ ਸਕੇ।

ਪਬਲਿਕ ਨਿਊਸੰਸ ਬਾਇ-ਲਾਅ 136-2018 ਦੇ ਸੋਧਾਂ ਵਿੱਚ ਸ਼ਾਮਲ ਹਨ:

- ਮਫਲਰਸ (Mufflers) ਜਾਂ ਦੂਜੀਆਂ ਡਿਵਾਈਸਾਂ ਨੂੰ ਇੰਸਟਾਲ ਕਰਨ ਦੀ ਇਜਾਜ਼ਤ ਨਹੀਂ ਹੈ, ਜਿਹਨਾਂ ਤੋਂ ਸ਼ੋਰ, ਵਿਸਫੋਟ ਜਾਂ ਅਨੁਚਿਤ ਸ਼ੋਰ ਹੁੰਦਾ ਹੈ, ਮੋਡੀਫਾਇਡ ਮਫਲਰਸ ਜਾਂ ਐਗਜੋਸਟ ਸਿਸਟਮਾਂ ਸਮੇਤ।
- ਰਿਹਾਇਸ਼ੀ ਖੇਤਰ ਦੇ ਅੰਦਰ ਘਰੋਂ ਬਾਹਰ, ਪਾਵਰ ਡਿਵਾਈਸਾਂ, ਜਿਵੇਂ ਲਾਅਨ ਮੋਵਰਸ, ਘਾਹ ਛੋਟਾ ਕਰਨ ਵਾਲੀਆਂ ਮਸ਼ੀਨਾਂ, ਡ੍ਰਿਲਾਂ, ਸੈਂਡਰਸ, ਗ੍ਰਾਈਂਡਰਸ ਜਾਂ ਇਹੋ-ਜਿਹੀਆਂ ਡਿਵਾਈਸਾਂ ਵਰਤਣ ਦੀ ਇਜਾਜ਼ਤ ਨਹੀਂ ਹੈ, ਰਾਤ 9 ਵਜੇ ਤੋਂ ਸਵੇਰੇ 7 ਵਜੇ ਦੇ ਵਿਚਕਾਰ ਅਤੇ ਸ਼ਨੀਵਾਰ, ਐਤਵਾਰ ਅਤੇ ਸਰਕਾਰੀ ਛੁੱਟੀਆਂ ਨੂੰ ਸਵੇਰੇ 9 ਵਜੇ ਤੱਕ।
- ਰਿਹਾਇਸ਼ੀ ਖੇਤਰ ਦੇ ਅੰਦਰ ਘਰੋਂ ਬਾਹਰ, ਕਿਸੇ ਵੀ ਮੋਟਰ ਵਾਹਨ, ਮੋਟਰਬੋਟ, ਆਊਟਬੋਰਡ ਮੋਟਰ ਜਾਂ ਰੇਕ੍ਰੀਏਸ਼ਨਲ ਵਾਹਨ ਨੂੰ ਮੁਰੰਮਤ ਕਰਨ, ਦੁਬਾਰਾ ਬਣਾਉਣ, ਸੁਧਾਰ ਕਰਨ ਜਾਂ ਟੈਸਟਿੰਗ ਕਰਨ ਦੀ ਇਜਾਜ਼ਤ ਨਹੀਂ ਹੈ, ਰਾਤ 9 ਵਜੇ ਤੋਂ ਸਵੇਰੇ 7 ਵਜੇ ਦੇ ਵਿਚਕਾਰ ਅਤੇ, ਸ਼ਨੀਵਾਰ, ਐਤਵਾਰ ਅਤੇ ਸਰਕਾਰੀ ਛੁੱਟੀਆਂ ਨੂੰ ਸਵੇਰੇ 9 ਵਜੇ ਤੱਕ।

ਸਿਟੀ ਆਫ ਬ੍ਰੈਂਪਟਨ ਦੀ ਐਨਫੋਰਸਮੈਂਟ ਐਂਡ ਬਾਇ-ਲਾਅ ਸਰਵਿਸਿਜ (Enforcement and By-law Services) ਦਾ ਸਟਾਫ, ਇਸ ਬਾਇ-ਲਾਅ ਨੂੰ ਲਾਗੂ ਕਰਨਾ ਜਾਰੀ ਰੱਖੇਗਾ, ਜਦਕਿ ਪੀਲ ਰੀਜਨਲ ਪੁਲਿਸ (Peel Regional Police) ਅਤੇ ਓਨਟੈਰੀਓ ਪ੍ਰੋਵਿੰਸ਼ੀਅਲ ਪੁਲਿਸ (Ontario Provincial Police), *ਹਾਈਵੇ ਟ੍ਰੈਫਿਕ ਐਕਟ (Highway Traffic Act)* ਵੱਲੋਂ ਨਿਯੰਤਰਿਤ, ਪਬਲਿਕ ਰੋਡਵੇ (ਸਿਟੀ ਜਾਂ ਰੀਜਨਲ ਰੋਡ) ਤੇ ਚੱਲਣ ਵਾਲੇ, ਰੁਕੇ ਹੋਏ, ਜਾਂ ਆਈਡਲਿੰਗ ਵਾਹਨਾਂ ਦੀ ਜਾਂਚ ਕਰਨ ਦੀ ਆਪਣੀ ਜ਼ਿੰਮੇਵਾਰੀ ਸੰਭਾਲਦੀ ਹੈ।

ਵਸਨੀਕਾਂ, ਵਿਜੀਟਰਾਂ ਅਤੇ ਕਾਰੋਬਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਸੰਸ਼ੋਧਿਤ ਬਾਇ-ਲਾਅ ਦੀ ਸਮੀਖਿਆ ਕਰੋ ਅਤੇ ਕਿਸੇ ਵੀ ਸਵਾਲਾਂ ਲਈ, ਸਰਵਿਸ ਬ੍ਰੈਂਪਟਨ (Service Brampton) ਨੂੰ, 311 ਜਾਂ 905.874.2000 (ਬ੍ਰੈਂਪਟਨ ਦੇ ਬਾਹਰੋਂ) ਤੇ ਫੋਨ ਕਰਕੇ, ਬ੍ਰੈਂਪਟਨ 311 (Brampton 311) ਐਪ (ਇਹ ਐਪ ਸਟੋਰ (App Store) ਜਾਂ Google Play (ਗੂਗਲ ਪਲੇ) ਤੇ ਉਪਲਬਧ ਹੈ) ਵਰਤ ਕੇ ਜਾਂ 311@brampton.ca ਤੇ ਈਮੇਲ ਕਰਕੇ ਸੰਪਰਕ ਕਰੋ।

**ਲਿੰਕ**

ਸੰਸ਼ੋਧਿਤ ਬਾਇ-ਲਾਅ ਦੀ ਸਮੀਖਿਆ ਲਈ, ਕਿਰਪਾ ਕਰਕੇ ਇੱਥੇ ਜਾਓ: Public Nuisance By-law 136-2018 (consolidated version) (brampton.ca)।

ਪ੍ਰੋਜੈਕਟ ਨੋਇਜਮੇਕਰ (Project Noisemaker) ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਜਾਓ: Peel Regional Police (peelpolice.ca)।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca